# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

## 18:20

**ਮਿਤੀ :09-12-2025**

***ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ***

- ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਸਾਲ 2023 ਅਤੇ 24 ਲਈ ਰਾਸ਼ਟਰੀ ਦਸਤਕਾਰੀ ਪੁਰਸਕਾਰ ਪ੍ਰਦਾਨ ਕੀਤੇ।
- ਕੇਂਦਰੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਕਿਹਾ -ਦੇਸ਼ ‘ਚ ਪੰਜਾਬ ਸਮੇਤ ਕਈ ਥਾਈਂ ਕੁਦਰਤੀ ਆਫਤਾਂ ਦੇ ਬਾਵਜੂਦ 35 ਕਰੋੜ 70 ਲਖ ਟਨ ਅਨਾਜ ਦੀ ਪੈਦਾਵਾਰ ਹੋਈ ਏ ।
- ਪੰਜਾਬ BJP ਪ੍ਰਧਾਨ ਸੁਨੀਲ ਜਾਖੜ ਵਲੋਂ ਮੁੱਖ ਮੰਤਰੀ ਭਗਵੰਤ ਮਾਨ ਨੂੰ, ਪੰਜਾਬ ਵਿਚ ਡਰੱਗ ਮਨੀ ਟ੍ਰੇਲ ਦਾ ਪਤਾ ਲਗਾਉਣ ਲਈ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਚੀਫ਼ ਜਸਟਿਸ ਦੀ ਸਿੱਧੀ ਨਿਗਰਾਨੀ ਹੇਠ ਤੁਰੰਤ ਜਾਂਚ ਦਾ ਹੁਕਮ ਦੇਣ ਦੀ ਕੀਤੀ ਗਈ ਅਪੀਲ ।

- ਫੌਜ ਦੀ ਦੱਖਣ-ਪੱਛਮੀ ਕਮਾਂਨ ਵਲੋਂ ਫਾਜ਼ਿਲਕਾ ਸਥਿਤ ਆਸਫਵਾਲਾ ਜੰਗੀ ਯਾਦਗਾਰ ਤੋਂ ਸਾਈਕਲ ਰੈਲੀ ਦਾ ਰਵਾਨਾ
- ਭਾਰਤ ਅਤੇ ਦੱਖਣੀ ਅਫਰੀਕਾ ਵਿਚਕਾਰ ਪੰਜ Twenty-twenty ਕ੍ਰਿਕੇਟ ਮੈਚਾਂ ਦੀ ਲੜੀ ਦਾ ਪਹਿਲਾ ਮੈਚ ਅੱਜ ਸ਼ਾਮ 7 ਵਜੇ ਓਡੀਸ਼ਾ ਦੇ ਕਟਕ ਵਿਖੇ ਖੇਡਿਆ ਜਾਵੇਗਾ।

## *ਹੁਣ ਖਬਰਾਂ ਵਿਸਥਾਰ ਨਾਲ*

ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਨਵੀਂ ਦਿੱਲੀ ਵਿੱਚ 2023 ਅਤੇ 2024 ਲਈ ਰਾਸ਼ਟਰੀ ਦਸਤਕਾਰੀ ਪੁਰਸਕਾਰ ਪ੍ਰਦਾਨ ਕੀਤੇ ਨੇ। ਇਹ ਵੱਕਾਰੀ ਰਾਸ਼ਟਰੀ ਪੁਰਸਕਾਰ, ਅਸਾਧਾਰਨ ਕਲਾਤਮਕ ਮੁਹਾਰਤ ਦਾ ਜਸ਼ਨ ਮਨਾਉਂਦੇ ਨੇ ਅਤੇ ਭਾਰਤ ਦੇ ਅਮੀਰ ਅਤੇ ਭਿੰਨਤਾ ਭਰੇ ਦਸਤਕਾਰੀ ਵਿਰਸੇ ਨੂੰ ਸੁਰੱਖਿਅਤ ਰੱਖਣ ਅਤੇ ਉਤਸ਼ਾਹਿਤ ਕਰਨ ਲਈ ਸਰਕਾਰ ਦੀ ਵਚਨਬੱਧਤਾ ਨੂੰ ਉਜਾਗਰ ਕਰਦੇ ਨੇ. ਇਕੱਠ ਨੂੰ ਸੰਬੋਧਨ ਕਰਦਿਆਂ, ਰਾਸ਼ਟਰਪਤੀ ਨੇ ਕਿਹਾ ਕਿ ਕਲਾ, ਲੋਕਾਂ ਨੂੰ ਵੱਖ-ਵੱਖ ਸਭਿਆਚਾਰਾਂ ਅਤੇ ਇੱਕ ਦੂਜੇ ਨਾਲ ਜੋੜਦੀ ਏ। ਉਨ੍ਹਾਂ ਕਿਹਾ ਕਿ ਦਸਤਕਾਰੀ ਸਿਰਫ਼ ਇੱਕ ਸੱਭਿਆਚਾਰਕ ਪਛਾਣ ਹੀ ਨਹੀਂ ਏ, ਸਗੋਂ ਲੋਕਾਂ ਦੀ ਉਪਜੀਵਿਕਾ ਦਾ ਇੱਕ ਮਹੱਤਵਪੂਰਨ ਹਿੱਸਾ ਵੀ

ਏ । ਉਨ੍ਹਾਂ ਕਿਹਾ ਕਿ ਇਹ ਖੇਤਰ ਦੇਸ਼ ਦੇ 32 ਲੱਖ ਤੋਂ ਵੱਧ ਲੋਕਾਂ ਨੂੰ ਰੁਜ਼ਗਾਰ ਪ੍ਰਦਾਨ ਕਰਦਾ ਏ ਅਤੇ ਉਨ੍ਹਾਂ ਵਿੱਚੋਂ ਜ਼ਿਆਦਾਤਰ ਦਿਹਾਤੀ ਖੇਤਰਾਂ ਨਾਲ ਸਬੰਧਤ ਨੇ. ਓਹਨਾਂ ਨਵੀਆਂ ਸ਼੍ਰੇਣੀਆਂ 'ਚ ਵੀ ਇਹ ਪੁਰਸਕਾਰ ਪ੍ਰਦਾਨ ਕਰਨ 'ਤੇ ਖੁਸ਼ੀ ਜ਼ਾਹਿਰ ਕੀਤੀ -

**byte**

ਕੁੱਲ 12 ਕਾਰੀਗਰਾਂ ਨੂੰ 2023 ਅਤੇ 2024 ਲਈ ਸ਼ਿਲਪ ਗੁਰੂ award ਪ੍ਰਦਾਨ ਕੀਤੇ ਗਏ, ਜਦੋਂ ਕਿ 36 ਕਾਰੀਗਰਾਂ ਨੂੰ ਦੋਵਾਂ ਸਾਲਾਂ ਲਈ ਰਾਸ਼ਟਰੀ ਪੁਰਸਕਾਰ ਮਿਲੇ।

---------------------------------------------------------

ਸਰਕਾਰ ਨੇ ਦੱਸਿਆ ਏ ਕਿ ਇਸ ਸਾਲ ਦੇਸ਼ ਨੇ 35 ਕਰੋੜ 70 ਲਖ ਟਨ ਅਨਾਜ ਪੈਦਾ ਕੀਤਾ ਏ, ਜੋ ਕਿ ਪਿਛਲੇ ਸਾਲ ਨਾਲੋਂ 7.65 ਫੀਸਦੀ ਤਕ ਵਧ ਏ। ਲੋਕ ਸਭਾ ਵਿੱਚ ਪ੍ਰਸ਼ਨ ਕਾਲ ਦੌਰਾਨ ਹੋਈ ਚਰਚਾ ਦਾ ਜਵਾਬ ਦਿੰਦਿਆਂ, ਕੇਂਦਰੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਕਿਹਾ ਏ ਕਿ ਇਹ ਕਿਸਾਨਾਂ ਦੀ ਸਖ਼ਤ ਮਿਹਨਤ ਅਤੇ ਕੇਂਦਰ ਸਰਕਾਰ ਦੀਆਂ ਨੀਤੀਆਂ ਕਾਰਨ ਸੰਭਵ ਹੋਇਆ ਏ ।

**BYTE**

ਕੇਂਦਰੀ ਮੰਤਰੀ ਨੇ ਕਿਹਾ ਕਿ ਕੁਦਰਤੀ ਆਫ਼ਤਾਂ ਨੇ ਪੰਜਾਬ, ਜੰਮੂ-ਕਸ਼ਮੀਰ, ਉੱਤਰਾਖੰਡ ਅਤੇ ਹਿਮਾਚਲ ਪ੍ਰਦੇਸ਼ ਅਤੇ ਮਹਾਰਾਸ਼ਟਰ ਵਿੱਚ ਫ਼ਸਲਾਂ ਨੂੰ ਨੁਕਸਾਨ ਪਹੁੰਚਾਇਆ ਏ। ਓਹਨਾਂ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸਥਿਤੀ ਦਾ ਜਾਇਜ਼ਾ ਲੈਣ ਲਈ ਪ੍ਰਭਾਵਿਤ ਰਾਜਾਂ ਦਾ ਦੌਰਾ ਕੀਤਾ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਆਫ਼ਤ ਸਮੇਂ ਪ੍ਰਬੰਧ ਲਈ ਰਾਜ ਸਰਕਾਰਾਂ ਨੂੰ ਹਰ ਲੋੜੀਂਦੀ ਸਹਾਇਤਾ ਪ੍ਰਦਾਨ ਕਰ ਰਹੀ ਏ। ਸ੍ਰੀ ਚੌਹਾਨ ਨੇ ਦੱਸਿਆ ਕਿ ਰਾਜ ਆਫ਼ਤ ਪ੍ਰਤੀਕਿਰਿਆ ਫੰਡ ਤਹਿਤ ਸਾਰੇ ਰਾਜਾਂ ਨੂੰ ਫੰਡ ਉਪਲਬਧ ਕਰਵਾਏ ਜਾ ਰਹੇ ਨੇ ਤਾਂ ਜੋ ਉਹ ਤੁਰੰਤ ਸਹਾਇਤਾ ਪ੍ਰਦਾਨ ਕਰ ਸਕਣ। ਉਨ੍ਹਾਂ ਦੱਸਿਆ ਕਿ 2021-22 ਤੋਂ 2025-26 ਦੀ ਮਿਆਦ ਲਈ SDRF ਅਧੀਨ 1 ਲਖ 28 ਹਜ਼ਾਰ ਕਰੋੜ ਰੁਪਏ ਤੋਂ ਵੱਧ ਦੀ ਰਕਮ ਅਲਾਟ ਕੀਤੀ ਗਈ ਏ। ਕੇਂਦਰੀ ਮੰਤਰੀ ਨੇ ਦੱਸਿਆ ਕਿ 2004 ਤੋਂ 2014 ਦੇ ਵਿਚਕਾਰ, SDRF ਦਾ ਬਜਟ ਸਿਰਫ਼ 38 ਹਜ਼ਾਰ ਕਰੋੜ ਰੁਪਏ ਸੀ, ਜਿਸ ਨੂੰ ਮੋਦੀ ਸਰਕਾਰ ਨੇ ਵਧਾ ਕੇ 1 ਲੱਖ 24 ਹਜ਼ਾਰ ਕਰੋੜ ਰੁਪਏ ਕਰ ਦਿੱਤਾ ਏ।

-------------------------------------------------------------------------------

ਪੰਜਾਬ BJP ਪ੍ਰਧਾਨ ਸੁਨੀਲ ਜਾਖੜ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਅਪੀਲ ਕੀਤੀ ਏ ਕਿ ਉਹ ਪੰਜਾਬ ਵਿਚ ਡਰੱਗ ਮਨੀ ਟ੍ਰੇਲ ਵਿੱਚ ਸ਼ਕਤੀਸ਼ਾਲੀ ਮੁਖ ਸਰੋਤਾਂ ਅਤੇ ਪੰਜਾਬ ਨੂੰ ਨੁਕਸਾਨ ਪਹੁੰਚਾਉਣ ਵਾਲਿਆਂ ਦਾ ਪਤਾ ਲਗਾਉਣ ਲਈ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਚੀਫ਼ ਜਸਟਿਸ ਦੀ ਸਿੱਧੀ ਨਿਗਰਾਨੀ ਹੇਠ ਤੁਰੰਤ ਜਾਂਚ ਦਾ ਹੁਕਮ ਦੇਣ। ਮੁੱਖ ਮੰਤਰੀ ਨੂੰ ਲਿਖੇ ਇੱਕ ਪੱਤਰ ਵਿੱਚ, ਸੁਨੀਲ ਜਾਖੜ ਨੇ ਉਨ੍ਹਾਂ ਨੂੰ ਪੰਜਾਬ ਦੇ ਵਿਧਾਇਕਾਂ ਦੀ ਜਾਇਦਾਦ ਦੀ ਉੱਚ ਪੱਧਰੀ ਜਾਂਚ ਦਾ ਹੁਕਮ ਦੇਣ ਦੀ ਅਪੀਲ ਕਰਦਿਆਂ, ਦੋਸ਼ ਲਗਾਇਆ ਏ ਕਿ ਕਈ ਵਿਧਾਇਕ ਜੋ ਕਦੇ ਸਾਈਕਲਾਂ 'ਤੇ ਸਫ਼ਰ ਕਰਦੇ ਸਨ ਹੁਣ ਕਰੋੜਾਂ ਦੀਆਂ ਮਹਿੰਗੀਆਂ ਕਾਰਾਂ ਅਤੇ ਵਿਸ਼ਾਲ ਫਾਰਮ ਹਾਊਸਾਂ ਦੇ ਮਾਲਕ ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਮੰਤਰੀਆਂ, ਵਿਧਾਇਕਾਂ, ਪਾਰਟੀ ਪ੍ਰਧਾਨਾਂ, ਪਾਰਟੀ ਇੰਚਾਰਜਾਂ ਅਤੇ ਰਾਜਨੀਤਿਕ ਪਾਰਟੀਆਂ ਦੇ ਨੇਤਾਵਾਂ ਨੂੰ ਜਾਂਚ ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਏ। ਉਨ੍ਹਾਂ ਕਿਹਾ ਏ ਕਿ ਇਸ ਮਾਮਲੇ ਦੀ ਜਾਂਚ ਚੀਫ਼ ਜਸਟਿਸ ਦੀ ਨਿਗਰਾਨੀ ਹੇਠ ਇੱਕ ਭਰੋਸੇਯੋਗ ਏਜੰਸੀ ਵਲੋਂ ਕੀਤੀ ਜਾਣੀ ਚਾਹੀਦੀ ਹੈ ਤਾਂ ਜੋ ਡਰੱਗ ਮਨੀ ਟ੍ਰੇਲ ਵਿੱਚ ਸ਼ਾਮਿਲ ਲੋਕਾਂ ਦਾ ਪਤਾ ਲਗਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਜੇਕਰ ਸੂਬਾ ਸਰਕਾਰ ਨਸ਼ਿਆਂ ਖਿਲਾਫ ਆਪਣੀ ਲੜਾਈ ਵਿੱਚ ਆਪਣੀ ਭਰੋਸੇਯੋਗਤਾ ਸਥਾਪਤ

ਕਰਨਾ ਚਾਹੁੰਦੀ ਏ ਤਾਂ ਇਹ ਮਹੱਤਵਪੂਰਨ ਏ । ਸਵੈ-ਇੱਛਾ ਨਾਲ ਪਹਿਲਾਂ ਆਪਣੀ ਜਾਂਚ ਕਰਵਾਉਣ ਦੀ ਗੱਲ ਕਰਦਿਆਂ ਸੁਨੀਲ ਜਾਖੜ ਨੇ ਮੁੱਖ ਮੰਤਰੀ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਦੀ ਕਥਿਤ ਤੌਰ ਤੇ ਗੈਰ-ਕਾਨੂੰਨੀ ਆਰਥਿਕਤਾ ਨਾਲ ਨਜਿੱਠਣ ਲਈ ਤੇਜ਼ੀ ਨਾਲ ਕਾਰਵਾਈ ਕਰਨ। ਪੰਜਾਬ ਵਿੱਚ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਕਈ ਹਜ਼ਾਰਾਂ ਕਰੋੜ ਰੁਪਏ ਵਿੱਚ ਹੁੰਦੀ ਏ । ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਨਸ਼ੀਲੇ ਪਦਾਰਥਾਂ ਦੇ ਕਾਰੋਬਾਰ ਕਿਸੇ ਨਾ ਕਿਸੇ ਕਿਸਮ ਦੀ ਸਰਪ੍ਰਸਤੀ ਤੋਂ ਬਿਨਾਂ ਵਧ-ਫੁੱਲ ਨਹੀਂ ਸਕਦੇ । ਸ਼੍ਰੀ ਜਾਖੜ ਨੇ ਕਿਹਾ ਕਿ ਹਜ਼ਾਰਾਂ ਨਸ਼ਾਖੋਰਾਂ ਅਤੇ ਛੋਟੇ ਤਸਕਰਾਂ ਨੂੰ ਗ੍ਰਿਫ਼ਤਾਰ ਕਰਨ ਨਾਲ ਬਹੁਤਾ ਫ਼ਰਕ ਨਹੀਂ ਪਵੇਗਾ ।

---------------------------------------------------------

ਕੇਂਦਰੀ ਹਵਾਬਾਜ਼ੀ ਮੰਤਰੀ ਰਾਮ ਮੋਹਨ ਨਾਇਡੂ ਨੇ ਅੱਜ ਕਿਹਾ ਏ ਕਿ ਇੰਡੀਗੋ ਦੀਆਂ ਹਾਲੀਆ ਸੰਚਾਲਨ ਅਸਫਲਤਾਵਾਂ ਕਾਰਨ ਪਿਆ ਵਿਘਨ ਹੁਣ ਤੇਜ਼ੀ ਨਾਲ ਸਥਿਰ ਹੋ ਰਿਹਾ ਏ ਅਤੇ ਦੁਹਰਾਇਆ ਕਿ ਸਰਕਾਰ ਇੱਕ ਮਜ਼ਬੂਤ ਏਅਰਲਾਈਨ ਸਿਲਸਿਲਾ ਬਣਾਉਣ ਲਈ ਪੂਰੀ ਤਰ੍ਹਾਂ ਦ੍ਰਿੜ ਏ । ਚੱਲ ਰਹੇ ਇੰਡੀਗੋ ਸੰਕਟ 'ਤੇ ਲੋਕ ਸਭਾ ਨੂੰ ਸੰਬੋਧਨ ਕਰਦਿਆਂ, ਮੰਤਰੀ ਨੇ ਕਿਹਾ ਕਿ ਇੰਡੀਗੋ ਨੂੰ ਪੂਰੀ ਤਰ੍ਹਾਂ ਜ਼ਿੰਮੇਵਾਰ

ਠਹਿਰਾਇਆ ਜਾ ਰਿਹਾ ਏ । ਮੰਤਰੀ ਨੇ ਕਿਹਾ ਕਿ ਡਾਇਰੈਕਟੋਰੇਟ ਜਨਰਲ ਆਫ਼ ਸਿਵਲ ਏਵੀਏਸ਼ਨ (DGCA) ਨੇ ਏਅਰਲਾਈਨ ਨੂੰ ਨੋਟਿਸ ਜਾਰੀ ਕੀਤੇ ਨੇ, ਅਤੇ ਇਸਦੀ ਰਿਪੋਰਟ ਦੇ ਅਧਾਰ 'ਤੇ, ਸਖ਼ਤ ਅਤੇ ਢੁਕਵੀਂ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਕੋਈ ਵੀ ਏਅਰਲਾਈਨ, ਭਾਵੇਂ ਕਿੰਨੀ ਵੀ ਵੱਡੀ ਹੋਵੇ, ਇਸਦੀਆਂ ਯੋਜਨਾਬੰਦੀ ਦੀਆਂ ਅਸਫਲਤਾਵਾਂ ਅਤੇ ਗੈਰ-ਪਾਲਣਾ ਰਾਹੀਂ ਯਾਤਰੀਆਂ ਨੂੰ ਅਜਿਹੀ ਮੁਸ਼ਕਲ ਪੈਦਾ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਸ਼੍ਰੀ ਨਾਇਡੂ ਨੇ ਕਿਹਾ ਕਿ ਸਰਕਾਰ ਆਮ ਵਾਂਗ ਸਥਿਤੀ ਬਹਾਲ ਹੋਣ ਤੱਕ ਪੂਰੀ ਤਰ੍ਹਾਂ ਚੌਕਸ ਰਹੇਗੀ **।**

**BYTE**

------------------------------------------------------

ਪੰਜਾਬ ਚੋਣ ਕਮਿਸ਼ਨ ਨੇ ਬਲਾਕ ਸਮਿਤੀ ਅਤੇ ਜ਼ਿਲਾ ਪਰਿਸ਼ਦ ਦੀਆਂ ਚੋਣਾਂ ਤੋਂ ਬਿਲਕੁਲ ਪਹਿਲਾਂ, ਨਾਭਾ ਦੀ ਬੀ.ਡੀ.ਪੀ.ਓ ਬਲਜੀਤ ਕੌਰ ਖਾਲਸਾ ਖ਼ਿਲਾਫ਼ ਹੋਈ ਸ਼ਿਕਾਇਤ 'ਤੇ ਤੁਰੰਤ ਕਾਰਵਾਈ ਕਰਦਿਆਂ ਉਸਦਾ ਤਬਾਦਲਾ ਕਰ ਦਿੱਤਾ ਏ ।

ਜ਼ਿਕਰਯੋਗ ਏ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਚੋਣ ਕਮਿਸ਼ਨ ਨੂੰ ਸ਼ਿਕਾਇਤ ਕੀਤੀ ਗਈ ਸੀ ਕਿ ਬੀ.ਡੀ.ਪੀ.ਓ ਨੇ ਅਕਾਲੀ ਉਮੀਦਵਾਰਾਂ ਨੂੰ ਐਨ.ਓ.ਸੀ ਜਾਣ ਬੁੱਝ ਕੇ ਜਾਰੀ ਨਹੀਂ ਕੀਤੀਆਂ।

-------------------------------------------------

ਦੱਖਣ-ਪੱਛਮੀ ਕਮਾਂਨ ਦੀ ਸਾਈਕਲ ਰੈਲੀ ਦਾ ਉਦਘਾਟਨ ਅੱਜ ਫਾਜ਼ਿਲਕਾ ਸਥਿਤ ਇਤਿਹਾਸਕ ਆਸਫਵਾਲਾ ਜੰਗੀ ਯਾਦਗਾਰ ਤੋਂ ਕੀਤਾ ਗਿਆ। ਅਮੋਗ ਡਿਵੀਜ਼ਨ ਦੇ ਜੀਓਸੀ,ਮੇਜਰ ਜਨਰਲ ਅਨੁਜ ਕਾਲੀਆ ਨੇ ਰੈਲੀ ਨੂੰ ਰਵਾਨਾ ਕੀਤਾ। ਇਹ ਰੈਲੀ ਸਿਰਫ਼ ਇੱਕ ਖੇਡ ਸਮਾਗਮ ਨਹੀਂ , ਸਗੋਂ ਰਾਸ਼ਟਰੀ ਏਕਤਾ, ਹਿੰਮਤ ਅਤੇ ਹਥਿਆਰਬੰਦ ਬਲਾਂ ਦੀ ਅਟੁੱਟ ਵਫ਼ਾਦਾਰੀ ਦਾ ਪ੍ਰਤੀਕ ਏ । ਇਹ ਜੈਪੁਰ ਵਿੱਚ ਫੌਜ ਦਿਵਸ ਪਰੇਡ 2026 ਤੋਂ ਪਹਿਲਾਂ ਜਾਗਰੂਕਤਾ ਪੈਦਾ ਕਰਨ ਦਾ ਇੱਕ ਯਤਨ ਵੀ ਏ । 800 ਕਿਲੋਮੀਟਰ ਤੋਂ ਵੱਧ ਦੇ ਇਸ ਚੁਣੌਤੀਪੂਰਨ ਰਸਤੇ 'ਤੇ, 23 ਉਤਸ਼ਾਹੀ ਅਤੇ ਅਨੁਸ਼ਾਸਿਤ ਸਿਪਾਹੀ ਫਾਜ਼ਿਲਕਾ, ਅਬੋਹਰ, ਰਾਜਸਥਾਨ ਦੇ ਸ਼੍ਰੀ ਗੰਗਾਨਗਰ, ਕਰਨਪੁਰ, ਅਨੂਪਗੜ੍ਹ, ਖਾਜੂਵਾਲਾ ਅਤੇ ਬੀਕਾਨੇਰ ਵਰਗੇ ਪ੍ਰਮੁੱਖ ਸਥਾਨਾਂ ਤੋਂ ਯਾਤਰਾ ਕਰਨਗੇ ਅਤੇ 16 ਦਸੰਬਰ ਨੂੰ ਜੈਪੁਰ ਪਹੁੰਚਣਗੇ। ਰਸਤੇ ਵਿੱਚ, ਰੈਲੀ ਦਾ ਉਦੇਸ਼ ਸਰਹੱਦੀ ਖੇਤਰਾਂ ਦੇ

ਲੋਕਾਂ, ਸਾਬਕਾ ਸੈਨਿਕਾਂ, ਐਨਸੀਸੀ ਕੈਡਿਟਾਂ ਅਤੇ ਨੌਜਵਾਨਾਂ ਨਾਲ ਜੁੜਨਾ ਏ । ਸਿਪਾਹੀ ਵੱਖ-ਵੱਖ ਥਾਵਾਂ 'ਤੇ ਜਾਗਰੂਕਤਾ ਪ੍ਰੋਗਰਾਮ, ਪ੍ਰੇਰਨਾਦਾਇਕ ਭਾਸ਼ਣ, ਸਿਹਤ ਕੈਂਪ ਅਤੇ ਸੱਭਿਆਚਾਰਕ ਪ੍ਰੋਗਰਾਮ ਆਯੋਜਿਤ ਕਰਨਗੇ, ਜਿਸਦਾ ਉਦੇਸ਼ ਅਨੁਸ਼ਾਸਨ, ਸੇਵਾ, ਹਮਦਰਦੀ ਅਤੇ ਰਾਸ਼ਟਰੀ ਸਵੈਮਾਣ ਦਾ ਸੰਦੇਸ਼ ਫੈਲਾਉਣਾ ਏ ਇਸ ਮੌਕੇ ਪ੍ਰਸ਼ਾਸਨਿਕ ਅਧਿਕਾਰੀ ਅਤੇ ਬੀਐਸਐਫ ਪੰਜਾਬ ਫਰੰਟੀਅਰ ਦੇ ਅਧਿਕਾਰੀ, ਜਵਾਨ ਅਤੇ ਨਾਗਰਿਕਾਂ ਵੱਡੀ ਗਿਣਤੀ ਵਿਚ ਮੌਜੂਦ ਰਹੇ ।

---------------------------------------------------------

ਬਠਿੰਡਾ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ, ਸ਼ਹਿਰਾਂ, ਸਕੂਲਾਂ ਤੇ ਕਾਲਜਾਂ ਵਿੱਚ ''ਨਸ਼ਿਆਂ ਵਿਰੁੱਧ ਨੌਜਵਾਨ'' ਮੁਹਿੰਮ ਤਹਿਤ ਪੀ.ਐਲ.ਵੀਜ਼ ਤੇ ਪੈਨਲ ਵਕੀਲਾਂ ਦੇ ਸਹਿਯੋਗ ਨਾਲ ਲਗਾਤਾਰ ਸੈਮੀਨਾਰ ਕਰਵਾਏ ਅਤੇ ਰੈਲੀਆਂ ਕੱਢੀਆਂ ਜਾ ਰਹੀਆਂ ਨੇ । ਇਸ ਲੜੀ ਦੇ ਤਹਿਤ ਵਿਦਿਆਰਥੀਆਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਲਈ ਜ਼ਿਲ੍ਹਾ ਸਿੱਖਿਆ ਅਫਸਰ ਦੇ ਸਹਿਯੋਗ ਨਾਲ ਜ਼ਿਲ੍ਹੇ ਦੇ ਸਕੂਲਾਂ ਵਿੱਚ ਪੇਟਿੰਗ ਮੁਕਾਬਲੇ, ਲੇਖ ਮੁਕਾਬਲੇ ਕਰਵਾਏ ਗਏ। ਇਸ ਮੁਹਿੰਮ ਨੂੰ ਬਠਿੰਡਾ ਦੇ ਘਰ-ਘਰ ਵਿੱਚ ਪਹੁੰਚਾਉਣ ਲਈ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ

ਦੇ  ਸਕੱਤਰ ਬਲਜਿੰਦਰ ਕੋਰ ਮਾਨ ਨੇ ਦੱਸਿਆ ਕਿ ਇਸ ਮੁਹਿੰਮ ਰਾਹੀਂ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਵੱਧ ਤੋਂ ਵੱਧ ਜਾਣੂ ਕਰਵਾਇਆ ਜਾ ਸਕੇ। ਇਸ ਦੌਰਾਨ ਉਨ੍ਹਾਂ ਆਮ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਨਸ਼ਿਆਂ ਦੀ ਵਰਤੋਂ ਨਾ ਕਰਨ ਅਤੇ ਦੂਜੇ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਉਣ। ਇਸ ਮੁਹਿੰਮ ਦੀ ਸਫਲਤਾ ਲਈ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਬਠਿੰਡਾ ਵੱਲੋਂ ਰੇਡਿਓ ਚੈਨਲਾਂ ਰਾਹੀਂ ਵੀ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਏ

-----------------------------------------------------------

ਜੱਚਾ-ਬੱਚਾ ਹਸਪਤਾਲ ਬਠਿੰਡਾ ਵਿਖੇ ਪ੍ਰਧਾਨ ਮੰਤਰੀ ਸੁਰੱਖਿਅਤ ਮਾਤ੍ਰਿਤਿਵ ਅਭਿਆਨ ਤਹਿਤ ਉੱਚ ਜ਼ੋਖਮ ਵਾਲੀਆਂ ਗਰਭਵਤੀ ਔਰਤਾਂ ਲਈ ਜਾਗਰੂਕਤਾ ਕੈਂਪ ਆਯੋਜਿਤ ਕੀਤਾ ਗਿਆ। ਇਸ ਕੈਂਪ ਨੂੰ ਔਰਤਾਂ ਦੇ ਮਾਹਿਰ ਡਾਕਟਰਾਂ ਡਾ. ਨਵਪ੍ਰੀਤ ਕੌਰ ਅਤੇ ਡਾ. ਜੈਦੀਪ ਨੇ ਉੱਚ ਜ਼ੋਖਮ ਵਾਲੀਆਂ ਗਰਭਵਤੀ ਮਹਿਲਾਵਾਂ ਨਾਲ ਸਿਹਤ ਸਬੰਧੀ ਮਹੱਤਵਪੂਰਨ ਨੁਕਤੇ ਸਾਂਝੇ ਕੀਤੇ । ਡਾਕਟਰਾਂ ਨੇ ਇਸ ਮੌਕੇ ਉੱਚ ਰਕਤਚਾਪ, ਖ਼ੂਨ ਦੀ ਕਮੀ, ਸ਼ੂਗਰ, ਥਾਇਰਾਇਡ ਜਿਹੀਆਂ ਸਮੱਸਿਆਵਾਂ ਅਤੇ ਪਹਿਲਾਂ ਹੋਈਆਂ ਗਰਭ ਸੰਬੰਧੀ ਜਟਿਲਤਾਵਾਂ ਵਰਗੀਆਂ ਸਥਿਤੀਆਂ ਦੀ ਸਮੇਂ ਸਿਰ ਜਾਂਚ ਅਤੇ ਪ੍ਰਬੰਧਨ ‘ਤੇ ਜ਼ੋਰ ਦਿੱਤਾ। ਇਸ ਦੇ

ਨਾਲ ਹੀ ਉਨ੍ਹਾਂ ਸਹੀ ਪੋਸ਼ਣ, ਸਮੇਂ-ਸਮੇਂ ਖ਼ੂਨ ਦੀ ਜਾਂਚ, ਦਵਾਈਆਂ ਦੀ ਨਿਯਮਿਤ ਖ਼ੁਰਾਕ ਅਤੇ ਖਾਸ ਸਾਵਧਾਨੀਆਂ ਬਾਰੇ ਵੀ ਜਾਣਕਾਰੀ ਦਿੱਤੀ।

-----------------------------------------------

ਭਾਰਤ ਅਤੇ ਦੱਖਣੀ ਅਫਰੀਕਾ ਵਿਚਕਾਰ ਪੰਜ Twenty-twenty ਕ੍ਰਿਕੇਟ ਮੈਚਾਂ ਦੀ ਲੜੀ ਦਾ ਪਹਿਲਾ ਮੈਚ ਅੱਜ ਓਡੀਸ਼ਾ ਦੇ ਕਟਕ ਵਿੱਚ ਖੇਡਿਆ ਜਾਵੇਗਾ। ਇਹ ਮੈਚ ਸ਼ਾਮ 7 ਵਜੇ ਸ਼ੁਰੂ ਹੋਵੇਗਾ। ਭਾਰਤੀ ਕਪਤਾਨ ਸੂਰਿਆਕੁਮਾਰ ਯਾਦਵ ਨੇ ਕਿਹਾ ਕਿ ਟੀਮ ਆਉਣ ਵਾਲੇ Twenty-twenty ਵਿਸ਼ਵ ਕੱਪ ਦੀਆਂ ਤਿਆਰੀਆਂ ਨੂੰ ਧਿਆਨ ਵਿੱਚ ਰੱਖਦੇ ਹੋਏ, ਮੈਦਾਨ 'ਚ ਉਤਰੇਗੀ।

-----------------------------------------------

ਭਾਰਤੀ ਕ੍ਰਿਕੇਟ ਕੰਟਰੋਲ ਬੋਰਡ-BCCI ਨੇ IPL ਕ੍ਰਿਕੇਟ 2026 ਦੀ ਨਿਲਾਮੀ ਲਈ ਖਿਡਾਰੀਆਂ ਦੀ ਅੰਤਿਮ ਸੂਚੀ ਜਾਰੀ ਕਰ ਦਿੱਤੀ ਏ। ਨਿਲਾਮੀ ਲਈ ਰਜਿਸਟਰਡ ਇੱਕ ਹਜ਼ਾਰ 390 ਖਿਡਾਰੀਆਂ ਵਿੱਚੋਂ, 350 ਖਿਡਾਰੀਆਂ ਨੂੰ ਸ਼ਾਰਟਲਿਸਟ ਕੀਤਾ ਗਿਆ ਏ। ਇਨ੍ਹਾਂ ਵਿੱਚ 240 ਭਾਰਤੀ ਅਤੇ 110 ਵਿਦੇਸ਼ੀ ਖਿਡਾਰੀ ਸ਼ਾਮਲ ਨੇ। ਇਸ ਸੂਚੀ ਵਿੱਚ ਅਜਿਹੇ 224 ਭਾਰਤੀ ਖਿਡਾਰੀ ਅਤੇ 14 ਵਿਦੇਸ਼ੀ ਖਿਡਾਰੀ

ਵੀ ਸ਼ਾਮਲ ਨੇ, ਜਿਨ੍ਹਾਂ ਨੇ ਅਜੇ ਤੱਕ ਕੋਈ ਅੰਤਰਰਾਸ਼ਟਰੀ ਮੈਚ ਨਹੀਂ ਖੇਡਿਆ ਏ। ਨਿਲਾਮੀ 16 ਦਸੰਬਰ ਨੂੰ ਅਬੂ ਧਾਬੀ ਵਿੱਚ ਹੋਵੇਗੀ ।

---------------------------------------------------------------

- ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਸਾਲ 2023 ਅਤੇ 24 ਲਈ ਰਾਸ਼ਟਰੀ ਦਸਤਕਾਰੀ ਪੁਰਸਕਾਰ ਪ੍ਰਦਾਨ ਕੀਤੇ ।
- ਕੇਂਦਰੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਕਿਹਾ -ਦੇਸ਼ 'ਚ ਪੰਜਾਬ ਸਮੇਤ ਕਈ ਥਾਈਂ ਕੁਦਰਤੀ ਆਫਤਾਂ ਦੇ ਬਾਵਜੂਦ 35 ਕਰੋੜ 70 ਲਖ ਟਨ ਅਨਾਜ ਦੀ ਪੈਦਾਵਾਰ ਹੋਈ ਏ ।
- ਪੰਜਾਬ BJP ਪ੍ਰਧਾਨ ਸੁਨੀਲ ਜਾਖੜ ਵਲੋਂ ਮੁੱਖ ਮੰਤਰੀ ਭਗਵੰਤ ਮਾਨ ਨੂੰ, ਪੰਜਾਬ ਵਿਚ ਡਰੱਗ ਮਨੀ ਟ੍ਰੇਲ ਦਾ ਪਤਾ ਲਗਾਉਣ ਲਈ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਚੀਫ਼ ਜਸਟਿਸ ਦੀ ਸਿੱਧੀ ਨਿਗਰਾਨੀ ਹੇਠ ਤੁਰੰਤ ਜਾਂਚ ਦਾ ਹੁਕਮ ਦੇਣ ਦੀ ਕੀਤੀ ਗਈ ਅਪੀਲ ।
- ਫੌਜ ਦੀ ਦੱਖਣ-ਪੱਛਮੀ ਕਮਾਂਨ ਵਲੋਂ ਫਾਜ਼ਿਲਕਾ ਸਥਿਤ ਆਸਫਵਾਲਾ ਜੰਗੀ ਯਾਦਗਾਰ ਤੋਂ ਸਾਈਕਲ ਰੈਲੀ ਦਾ ਰਵਾਨਾ

ਭਾਰਤ ਅਤੇ ਦੱਖਣੀ ਅਫਰੀਕਾ ਵਿਚਕਾਰ ਪੰਜ Twenty-twenty ਕ੍ਰਿਕੇਟ ਮੈਚਾਂ ਦੀ ਲੜੀ ਦਾ ਪਹਿਲਾ ਮੈਚ ਅੱਜ ਸ਼ਾਮ 7 ਵਜੇ ਓਡੀਸ਼ਾ ਦੇ ਕਟਕ ਵਿਖੇ ਖੇਡਿਆ ਜਾਵੇਗਾ।

---------------------------------------------------------

**ਇਸਦੇ ਨਾਲ ਖਬਰਾਂ ਦਾ ਇਹ ਬੁਲੇਟਿਨ ਖਤਮ ਹੋਇਆ, ਖਬਰਾਂ ਦਾ ਅਗਲਾ ਬੁਲੇਟਿਨ ਤੁਸੀਂ ਸੁਣੋਗੇ 7 ਵੱਜਕੇ 30 ਮਿੰਟ 'ਤੇ ਨਮਸਕਾਰ !**